ਆਰ.ਬੀ.ਆਈ/2006-2007/217

ਹਵਾਲਾ ਨੰ: ਡੀ.ਜੀ.ਬੀ.ਏ. ਨੰ: ਐਚ. 10024/15.15.001/2006-07

22 ਦਸੰਬਰ, 2006

1 ਪੋਖ, 1928(ਸ਼ਕ)

ਮਹਾਂਪ੍ਰਬੰਧਕ

ਸਰਕਾਰੀ ਲੇਖਾ ਵਿਭਾਗ, ਮੁੱਖ ਦਫ਼ਤਰ

ਭਾਰਤੀ ਸਟੇਟ ਬੈਂਕ/ਸਟੇਟ ਬੈਂਕ ਆਫ਼ ਇੰਦੌਰ/ਸਟੇਟ ਬੈਂਕ ਆਫ਼ ਪਟਿਆਲਾ/ ਸਟੇਟ ਬੈਂਕ ਆਫ ਬੀਕਾਨੇਰ ਅਤੇ ਜੈਪੁਰ/ਸਟੇਟ ਬੈਂਕ ਆਫ ਸ਼ੌਰਾਸ਼ਟਰ/ਸਟੇਟ ਬੈਂਕ ਆਫ ਤ੍ਰਿਵਣਕੋਰ/ਸਟੇਟ ਬੈਂਕ ਆਫ ਹੈਦਰਾਬਾਦ/ਸਟੇਟ ਬੈਂਕ ਆਫ ਮੈਸੂਰ/ ਇਲਾਹਾਬਾਦ ਬੈਂਕ/ਬੈਂਕ ਆਫ਼ ਬੜੌਦਾ/ਬੈਂਕ ਆਫ਼ ਇੰਡੀਆ/ਬੈਂਕ ਆਫ਼ ਮਹਾਰਾਸ਼ਟਰ/ਕੇਨਰਾ ਬੈਂਕ/ਸੈਂਟਰਲ ਬੈਂਕ ਆਫ਼ ਇੰਡੀਆ/ਕਾਰਪੋਰੇਸ਼ਨ ਬੈਂਕ/ਦੇਨਾ ਬੈਂਕ/ਇੰਡੀਅਨ ਬੈਂਕ/ਇੰਡੀਅਨ ਓਵਰਸੀਜ਼ ਬੈਂਕ/ਪੰਜਾਬ ਨੈਸ਼ਨਲ ਬੈਂਕ/ਸਿੰਡੀਕੇਟ ਬੈਂਕ/ਯੂ.ਕੋ. ਬੈਂਕ/ਯੂਨੀਅਨ ਬੈਂਕ ਆਫ਼ ਇੰਡੀਆ/ਯੂਨਾਇਟਡ ਬੈਂਕ ਆਫ਼ ਇੰਡੀਆ/ਵਿਜਯਾ ਬੈਂਕ/ ਆਈਸੀਆਈਸੀ.ਆਈ ਬੈਂਕ ਲਿਮ.

ਸ਼੍ਰੀਮਾਨ ਜੀ,

ਸੀਨੀਅਰ ਨਾਗਰਿਕ ਬਚਤ ਯੋਜਨਾ, 2004 ਦੇ ਅੰਤਰਗਤ ਨਾਮਜ਼ਦਗਾਂ ਨੂੰ ਅਨਿਵਾਸੀ ਭਾਰਤੀ ਅਤੇ ਪੀਆਈਓ- ਸਪੱਸ਼ਟੀਕਰਨ

ਕਿਰਪਾ ਕਰਕੇ ਮਿਤੀ 28 ਜੂਨ, 2006 ਦੇ ਸਾਡੇ ਅਧਿਸੂਚਨਾ ਪੱਤਰ ਆਰਬੀਆਈ/2005-06/431 ਹਵਾਲਾ ਨੰ: ਡੀ.ਜੀ.ਬੀ.ਏ. ਨੰ: ਐਚ. 20692/15.15.001/2006-07 ਦੇਖੋ ਅਤੇ ਹੋਰ ਗੱਲਾਂ ਦੇ ਨਾਲ ਨਾਲ

ਸੀਨੀਅਰ ਨਾਗਰਿਕ ਬਚਤ ਯੋਜਨਾ, 2004 ਦੇ ਅੰਤਰਗਤ ਪੀਆਈਓ ਕਾਰਡ ਧਾਰਕਾਂ ਨੂੰ ਨਿਵੇਸ਼ ਕਰਨ/ ਨਾਮਾਂਕਿਤੀ ਬਣਨ ਦੀ ਯੋਗਤਾ ਸਬੰਧੀ ਮਾਮਲਿਆਂ ਤੇ ਕੁਝ ਸਪੱਸ਼ਟਕਰਨ ਦਿੱਤੇ ਗਏ ਹਨ।

2. ਸਾਨੂੰ ਬਜਟ ਸ਼ਾਖਾ, ਆਰਥਿਕ ਕਾਰਜ ਵਿਭਾਗ, ਭਾਰਤ ਸਰਕਾਰ ਤੋਂ ਮਿਤੀ 14 ਦਸੰਬਰ, 2006 ਦਾ ਪੱਤਰ ਨੰ: ਐਫ਼.15/8/2005/ਐਨਐਸ.II/ਖੰਡ II ਪ੍ਰਾਪਤ ਹੋਇਆ ਹੈ ਜਿਸ ਵਿਚ ਇਸ ਗੱਲ ਦਾ ਸਪੱਸ਼ਟਕਰਨ ਹੈ ਕਿ ਅਨਿਵਾਸੀ ਭਾਰਤੀ ਅਤੇ ਉਹ ਵਿਅਕਤੀ ਜਿਨ੍ਹਾਂ ਕੋਲ ਦੋਹਰੀ ਨਾਗਰਿਕਤਾ(ਭਾਰਤ ਅਤੇ ਹੋਰ) ਹੈ, ਉਹ ਯੋਜਨਾ ਦੇ ਅੰਤਰਗਤ ਨਾਮਿਤੀ ਬਣ ਸਕਦੇ ਹਨ ਪਰੰਤੂ ਜਮ੍ਹਾਂਕਰਤਾ ਦੀ ਮੌਤ ਹੋਣ ਕਾਰਣ ਉਹ ਖ਼ਾਤਾ ਚਾਲੂ ਨਹੀਂ ਰੱਖ ਸਕਦੇ ਅਤੇ ਉਨ੍ਹਾਂ ਨੂੰ ਖ਼ਾਤੇ ਦੀ ਆਮਦਨ ਵੀ ਮੁੜ ਤਬਦੀਲੀ ਲਈ ਉਪਲੱਬਧ ਨਹੀਂ ਹੋਵੇਗੀ।

3. ਇਸ ਅਧਿਸੂਚਨਾ ਦੀ ਵਿਸ਼ਾ-ਵਸਤੂ ਨਾਲ ਆਪਣੇ ਬੈਂਕ ਦੀਆਂ ਸਾਰੀਆਂ ਸਬੰਧਤ ਸ਼ਾਖਾਵਾਂ ਨੂੰ ਜਾਣਕਾਰੀ ਅਤੇ ਅਨੁਪਾਲਣ ਲਈ ਜਾਣੂੰ ਕਰਵਾਇਆ ਜਾਵੇ।

4. ਕਿਰਪਾ ਕਰਕੇ ਪ੍ਰਾਪਤੀ ਸੂਚਨਾ ਦਿਉ।

*ਹਿਤੂ,*

*(ਬਾਲੂ ਕੇ.),*
*ਉਪ-ਮੁੱਖ ਮਹਾਂਪ੍ਰਬੰਧਕ*